Influenza

# ਇਨ਼ਫਲੂਐਨਜ਼ਾ ਮਹਾਮਾਰੀ ਨੂੰ ਸਮਝਣਾ

ਸਾਡੇ ਵਿੱਚੋਂ ਬਹੁਤਿਆਂ ਨੇ ਫਲੂ (ਜਾਂ “ਇਨਫ਼ਲੂਐਨਜ਼ਾ”) ਬਾਰੇ ਸੁਣਿਆ ਹੈ। ਪਰ ਪੰਛੀਆਂ ਦਾ (ਬਰਡ) ਫਲੂ ਕੀ ਹੁੰਦਾ ਹੈ ਅਤੇ ਫਲੂ ਦੀ ਮਹਾਮਾਰੀ ਮੌਸਮੀ ਫਲੂ ਤੋਂ ਕਿਵੇਂ ਵੱਖਰੀ ਹੈ? ਹੇਠ ਲਿਖੀ ਜਾਣਕਾਰੀ ਮੌਸਮੀ, ਪੰਛੀਆਂ ਦਾ ਅਤੇ ਮਹਾਮਾਰੀ ਫਲੂ ਦੇ ਵਿੱਚ ਫ਼ਰਕ ਸਮਝਾਉਣ ਵਿੱਚ ਮਦਦ ਕਰਦੀ ਹੈ।

| | ਪੰਛੀਆਂ ਦਾ ਫਲੂ | ਮੌਸਮੀ (ਮਨੁੱਖੀ) ਫਲੂ | ਫਲੂ ਮਹਾਮਾਰੀ |
|---|---|---|---|
| ਇਹ ਕੀ ਹੈ? | ਇਨਫਲੂਐਨਜ਼ਾ ਵਿਸ਼ਾਣੂ ਦੇ ਕਾਰਨ ਹੋਣ ਵਾਲੀ ਬਿਮਾਰੀ ਜੋ ਪੰਛੀਆਂ ਦੁਆਰਾ ਅਤੇ ਪੰਛੀਆਂ ਵਿੱਚ ਫੈਲਦੀ ਹੈ। | ਇਨਫਲੂਐਨਜ਼ਾ ਵਿਸ਼ਾਣੂ ਦੇ ਕਾਰਨ ਹੋਣ ਵਾਲੀ ਬਿਮਾਰੀ ਜੋ ਮਨੁੱਖਾਂ ਦੁਆਰਾ ਅਤੇ ਮਨੁੱਖਾਂ ਵਿੱਚ ਫੈਲਦੀ ਹੈ। | ਇਨਫਲੂਐਨਜ਼ਾ ਵਿਸ਼ਾਣੂ ਦੀ ਇੱਕ ਨਵੀਂ ਕਿਸਮ ਜੋ ਤੇਜ਼ੀ ਨਾਲ ਪੂਰੀ ਦੁਨੀਆਂ ਵਿੱਚ ਫੈਲ ਜਾਂਦੀ ਹੈ।<br>• ਇਹ ਮਨੁੱਖਾਂ ਦੁਆਰਾ ਅਤੇ ਮਨੁੱਖਾਂ ਵਿੱਚ ਫੈਲਦੀ ਹੈ; ਅਤੇ<br>• ਮਨੁੱਖਾਂ ਅੰਦਰ ਇਸ ਦਾ ਮੁਕਾਬਲਾ ਕਰਨ ਦੀ ਬਹੁਤ ਘੱਟ ਜਾਂ ਬਿਲਕੁਲ ਸ਼ਕਤੀ ਨਹੀਂ ਹੁੰਦੀ। |
| ਇਹ ਕਿਵੇਂ ਫੈਲਦਾ ਹੈ? | • ਮੁੱਖ ਤੌਰ ‘ਤੇ ਜੰਗਲੀ ਪੰਛੀ ਫੈਲਾਉਂਦੇ ਹਨ।<br>• ਜੰਗਲੀ ਪੰਛੀਆਂ ਤੋਂ ਇਹ ਵਿਸ਼ਾਣੂ ਘਰੇਲੂ ਪੰਛੀਆਂ (ਜਿਵੇਂ ਕਿ ਮੁਰਗੀਆਂ ਅਤੇ ਟਰਕੀਆਂ) ਵਿੱਚ ਆ ਸਕਦਾ ਹੈ ਅਤੇ ਉਹ ਗੰਭੀਰ ਰੂਪ ਵਿੱਚ ਬਿਮਾਰ ਹੋ ਸਕਦੇ ਹਨ।<br>• ਪੰਛੀਆਂ ਦੇ ਫਲੂ ਦਾ ਵਿਸ਼ਾਣੂ ਮਨੁੱਖਾਂ ਨੂੰ ਅਸਾਨੀ ਨਾਲ ਨਹੀਂ ਲੱਗਦਾ ਹੈ।<br>• ਮਨੁੱਖਾਂ ਨੂੰ ਪੰਛੀਆਂ ਦਾ ਫਲੂ ਸਿਰਫ਼ ਬੀਮਾਰ ਪੰਛੀਆਂ ਨੂੰ ਸੰਭਾਲਣ ਜਾਂ ਦੂਸ਼ਤ ਬਿੱਠਾਂ ਦੇ ਸੰਪਰਕ ਵਿੱਚ ਆਉਣ ਨਾਲ ਹੋ ਸਕਦਾ ਹੈ।<br>• ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਮਨੁੱਖਾਂ ਨੂੰ ਪੰਛੀਆਂ ਵਾਲਾ ਫਲੂ ਪਕਾਏ ਗਏ ਪੰਛੀਆਂ ਨੂੰ ਖਾਣ ਨਾਲ ਹੋ ਸਕਦਾ ਹੈ। | • ਛਿੱਟਾਂ ਨੂੰ ਸਾਹ ਨਾਲ ਅੰਦਰ ਲੈਣ ਨਾਲ, ਜੋ ਫਲੂ ਤੋਂ ਬੀਮਾਰ ਵਿਅਕਤੀ ਦੁਆਰਾ ਛਿੱਕਣ ਜਾਂ ਖੰਘਣ ਨਾਲ ਹਵਾ ਵਿੱਚ ਛੱਡੀਆਂ ਹੋਣ, ਜਾਂ ਇਹ ਛਿੱਟਾਂ ਤੁਹਾਡੀਆਂ ਅੱਖਾਂ ਵਿੱਚ ਪੈਣ ਨਾਲ।<br>• ਬੀਮਾਰ ਵਿਅਕਤੀ ਦੇ ਨਾਲ ਹੱਥ ਮਿਲਾਉਣ ਜਾਂ ਦੂਸ਼ਤ ਚੀਜ਼ਾਂ ਨੂੰ ਹੱਥ ਲਾਉਣ, ਅਤੇ ਫੇਰ ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਛੋਹਣ ਨਾਲ। | • ਮੌਸਮੀ ਫਲੂ ਵਾਂਗ ਹੀ ਫੈਲਦੀ ਹੈ। |

## ਸੰਬੰਧ ਕੀ ਹੈ?

**ਪੰਛੀਆਂ ਦੇ ਫਲੂ, ਮਨੁੱਖਾਂ ਦੇ ਫਲੂ ਅਤੇ ਫਲੂ ਮਹਾਮਾਰੀ ਵਿੱਚ ਕੀ ਸੰਬਧ ਹੈ?**

ਪੰਛੀਆਂ ਦਾ ਫਲੂ + ਮਨੁੱਖਾਂ ਦਾ ਫਲੂ = ਫਲੂ ਮਹਾਮਾਰੀ

ਫਲੂ ਮਹਾਮਾਰੀ ਫੈਲਣ ਦਾ ਇੱਕ ਤਰੀਕਾ ਹੈ ਜੇ ਪੰਛੀਆਂ ਦਾ ਫਲੂ ਦਾ ਮਨੁੱਖਾਂ ਦੇ ਫਲੂ ਵਿੱਚ ਮਿਲ ਜਾਵੇ ਅਤੇ ਫਲੂ ਦੇ ਵਿਸ਼ਾਣੂ ਦੀ ਇੱਕ ਨਵੀਂ ਕਿਸਮ ਬਣਾ ਦੇਵੇ ਜੋ ਇੱਕ ਮਨੁੱਖ ਤੋਂ ਦੂਜੇ ਮਨੁੱਖ ਤਕ ਅਸਾਨੀ ਨਾਲ ਫੈਲ ਸਕਦੀ ਹੈ।

Notes

ਵਧੇਰੇ ਜਾਣਕਾਰੀ ਲਈ: ਸਾਡੀ ਵੈਬਸਾਈਟ **www.fightflu.ca** ਤੇ ਜਾਓ ਜਾਂ ਸਾਡੇ ਮੁਫਤ ਨੰਬਰ: **1 800 454-8302** ‘ਤੇ ਫ਼ੋਨ ਕਰੋ

© Her Majesty the Queen in Right of Canada (2008)
ISBN# 978-0-662-69738-1 • CAT# HP40-15/2008

Public Health Agency of Canada | Agence de la santé publique du Canada

Canada